# ਪੈਟਰੋਲ ਪੰਪ ’ਤੇ ਵਿਅਕਤੀ ਨੂੰ ਜ਼ਖਮੀ ਕਰ ਕੇ ਲੁੱਟਣ ਵਾਲੇ 4 ਲੁਟੇਰੇ ਗ੍ਰਿਫਤਾਰ

### 93,000 ਰੁ., ਏਅਰਗੰਨ, ਖੂਨ ਲੱਗੇ ਕੱਪੜੇ, ਦੇਸੀ ਕੱਟਾ 315 ਬੋਰ ਸਮੇਤ ਇਕ ਕਾਰਤੂਸ ਜ਼ਿੰਦਾ ਅਤੇ ਦੋ ਮੋਬਾਇਲ ਫੋਨ ਬਰਾਮਦ



*ਗ੍ਰਿਫਤਾਰ ਕੀਤੇ ਨੌਜਵਾਨ ਪੁਲਸ ਪਾਰਟੀ ਨਾਲ।*

ਰੂਪਨਗਰ, 26 ਅਕਤੂਬਰ (ਵਿਜੇ)- ਪੈਟਰੋਲ ਪੰਪ ’ਤੇ ਡਕੈਤੀ ਦੀ ਨੀਅਤ ਨਾਲ ਵਿਅਕਤੀ ਨੂੰ ਜ਼ਖਮੀ ਕਰਨ, ਨਕਦੀ ਅਤੇ ਏਅਰਗੰਨ ਲੈ ਕੇ ਫਰਾਰ ਹੋਏ 4 ਨੌਜਵਾਨਾਂ ਨੂੰ ਜ਼ਿਲਾ ਪੁਲਸ ਵਲੋਂ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਗਿਆ ਜਿਨ੍ਹਾਂ ਤੋਂ ਨਕਦੀ, ਖੋਹ ਕੀਤੀ ਏਅਰਗੰਨ, ਸਕੂਟਰ ਅਤੇ ਅਸਲਾ ਬਰਾਮਦ ਕੀਤਾ ਗਿਆ।



*ਪ੍ਰੈੱਸ ਨੂੰ ਜਾਣਕਾਰੀ ਦਿੰਦੇ ਪੀ.ਪੀ.ਐੱਸ. ਕਪਤਾਨ ਪੁਲਸ ਮਨਵਿੰਦਰਬੀਰ ਸਿੰਘ।*

ਇਸ ਸਬੰਧ ’ਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਪੀ.ਪੀ.ਐੱਸ. ਕਪਤਾਨ ਪੁਲਸ ਮਨਵਿੰਦਰਬੀਰ ਸਿੰਘ ਨੇ ਦੱਸਿਆ ਕਿ 22 ਅਕਤੂਬਰ ਨੂੰ ਨਾਮਾਲੂਮ ਵਿਅਕਤੀਆਂ ਵਲੋਂ ਅਨਾਜ ਮੰਡੀ ਸੱਲੋ ਮਾਜਰਾ ਰੋਡ ਸ੍ਰੀ ਚਮਕੌਰ ਸਾਹਿਬ ਵਿਖੇ ਦਸ਼ਮੇਸ਼ ਫਿਊਲ ਪੁਆਇੰਟ ਪੈਟਰੋਲ ਪੰਪ ’ਤੇ ਡਕੈਤੀ ਦੀ ਨੀਅਤ ਨਾਲ ਹਮਲਾ ਕਰ ਕੇ ਪੈਟਰੋਲ ਪੰਪ ਦੇ ਦਫਤਰ ਦੇ ਦਰਵਾਜ਼ੇ ਦਾ ਸ਼ੀਸ਼ਾ ਤੋੜ ਕੇ ਦਾਖਲ ਹੋ ਕੇ ਅਤੇ ਪੈਟਰੋਲ ਪੰਪ ਮਾਲਕ ਗੁਰਮੇਲ ਸਿੰਘ ਦੇ ਭਾਣਜੇ ਗੁਰਜਿੰਦਰ ਸਿੰਘ ਦੇ ਸਿਰ ’ਚ ਸੱਟਾਂ ਮਾਰ ਕੇ ਉਸਨੂੰ ਜ਼ਖਮੀ ਕਰ ਦਿੱਤਾ ਸੀ।

ਦਫਤਰ ’ਚ ਪਈ ਸਟੀਲ ਦੀ ਅਲਮਾਰੀ ਤੋੜ ਕੇ ਉਸ ’ਚੋਂ 1,20, 000 ਰੁ. ਦੀ ਨਕਦੀ ਅਤੇ ਦਫਤਰ ’ਚ ਪਈ ਏਅਰਗੰਨ ਚੁੱਕ ਕੇ ਲੈ ਗਏ ਸੀ ਜਿਸ ਸਬੰਧੀ ਥਾਣਾ ਸ੍ਰੀ ਚਮਕੌਰ ਸਾਹਿਬ ਵਿਖੇ ਮੁਕੱਦਮਾ ਨੰ. 82 ’ਚ ਵੱਖ-ਵੱਖ ਧਾਰਾਵਾਂ ਤਹਿਤ ਨਾ ਮਾਲੂਮ ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਸੀ। ਮਨਵਿੰਦਰਬੀਰ ਸਿੰਘ ਨੇ ਦੱਸਿਆ ਕਿ ਜ਼ਿਲਾ ਪੁਲਸ ਮੁਖੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਸਮੇਤ ਤਲਵਿੰਦਰ ਸਿੰਘ ਪੀ.ਪੀ.ਐੱਸ, ਡੀ.ਐੱਸ.ਪੀ. ਅਤੇ ਰਜੇਸ਼ ਕੁਮਾਰ ਕਪਲਿਸ਼ ਉਪ ਕਪਤਾਨ ਪੁਲਸ ਦੀ ਅਗਵਾਈ ਹੇਠ ਅਤੇ ਇੰਸਪੈਕਟਰ ਸਤਨਾਮ ਸਿੰਘ ਇੰਚਾਰਜ ਸੀ.ਆਈ.ਏ. ਰੂਪਨਗਰ ਅਤੇ ਇੰਸਪੈਕਟਰ ਰੁਪਿੰਦਰ ਸਿੰਘ ਮੁੱਖ ਅਫਸਰ ਥਾਣਾ ਸ੍ਰੀ ਚਮਕੌਰ ਸਾਹਿਬ ਦੀਆਂ ਟੀਮਾਂ ਵਲੋਂ ਦੋਸ਼ੀਆਂ ਨੂੰ ਟਰੇਸ ਕਰ ਕੇ ਗ੍ਰਿਫਤਾਰ ਕੀਤਾ ਗਿਆ।

ਗ੍ਰਿਫਤਾਰ ਦੋਸ਼ੀਆਂ ’ਚ ਹਰਮਨਜੋਤ ਸਿੰਘ ਉਰਫ ਹਰਮਨ (20 ਸਾਲ) ਪੁੱਤਰ ਮੇਜਰ ਸਿੰਘ ਨਿਵਾਸੀ ਰਣਜੀਤਗੜ੍ਹ ਕਾਲੋਨੀ ਸ੍ਰੀ ਚਮਕੌਰ ਸਾਹਿਬ, ਬਲਜਿੰਦਰ ਸਿੰਘ ਉਰਫ ਕਾਲਾ (ਕਰੀਬ 23 ਸਾਲ) ਪੁੱਤਰ ਬਲਬੀਰ ਸਿੰਘ ਨਿਵਾਸੀ ਆਸਰੋਂ ਜਿਲਾ ਸ਼ਹੀਦ ਭਗਤ ਸਿੰਘ ਨਗਰ, ਸੋਨੂੰ ਉਰਫ ਸੁੱਖ (21ਸਾਲ) ਪੁੱਤਰ ਬਲਬੀਰ ਸਿੰਘ ਨਿਵਾਸੀ ਗਾਂਧੀ ਚੌਕ ਮਹੱਲਾ ਨੇੜੇ ਦਮਦਮਾ ਸਾਹਿਬ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਜ਼ਿਲਾ ਰੂਪਨਗਰ ਅਤੇ ਅਮਨਦੀਪ ਸਿੰਘ ਉਰਫ ਅਮਨ (19 ਸਾਲ) ਪੁੱਤਰ ਹਰਚੰਦ ਸਿੰਘ ਨਿਵਾਸੀ ਅੱਲਾਪੁਰ ਥਾਣਾ ਖਰੜ ਜਿਲਾ ਐੱਸ.ਏ.ਐੱਸ. ਨਗਰ ਹਾਲ ਕਿਰਾਏਦਾਰ ਆਦਰਸ਼ ਨਗਰ ਰੂਪਨਗਰ ਦੇ ਨਾਮ ਸ਼ਾਮਲ ਹਨ । ਜਦੋਂ ਕਿ ਦੋਸ਼ੀਆਂ ਪਾਸੋਂ ਖੋਹ ਕੀਤੇ 1,20,000 ਰੁਪਏ ’ਚੋਂ 93,000 ਰੁ., ਖੋਹ ਕੀਤੀ ਏਅਰਗੰਨ, ਵਾਰਦਾਤ ’ਚ ਵਰਤਿਆ ਗਿਆ ਦਾਹ ਲੋਹਾ, ਸਕੂਟਰ, ਦੋਸ਼ੀਆਨ ਦੇ ਖੂਨ ਲੱਗੇ ਕੱਪੜੇ, ਇਕ ਦੇਸੀ ਕੱਟਾ 315 ਬੋਰ ਸਮੇਤ ਇੱਕ ਕਾਰਤੂਸ ਜਿੰਦਾ ਅਤੇ ਦੋ ਮੋਬਾਇਲ ਫੋਨ ਬਰਾਮਦ ਕੀਤੇ ਗਏ। ਮਨਵਿੰਦਰਬੀਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਕੋਲੋਂ ਪੁੱਛਗਿੱਛ ਜਾਰੀ ਹੈ।

ਜਗ ਬਾਣੀ
ਈ-ਪੇਪਰ
Thu,27 October 2022
Edition: roopnagar bani, Page no. 1